# THE CONCEPT OF MIGRATION AND THE MULTICULTURAL SITUATION: A STUDY

# ਪਰਵਾਸ ਦਾ ਸੰਕਲਪ ਅਤੇ ਬਹੁ-ਸਭਿਆਚਾਰਕ ਸਥਿਤੀ: ਇਕ ਅਧਿਐਨ

ਖੋਜਾਰਥੀ: ਗੁਰਸੇਵਕ ਸਿੰਘ (Gursewak singh)
ਨਿਗਰਾਨ: ਡਾ. ਲਖਵੀਰ ਕੌਰ ਲੈਜ਼ੀਆ
ਪੰਜਾਬ ਕੇਂਦਰੀ ਯੂਨੀਵਰਸਿਟੀ, ਬਠਿੰਡਾ
Email ID: gursewak74655@gmail.com ਮੋਬਾਈਲ: +91- 8684974655

**ABSTRACT**

*ਮਨੁੱਖ ਦੀ ਵਿਕਾਸ ਅਵਸਥਾ ਦੌਰਾਨ ਪਰਵਾਸ ਨਿਰੰਤਰ ਵਾਪਰਦੀ ਰਹਿਣ ਵਾਲੀ ਪ੍ਰਕਿਰਿਆ ਹੈ ਪਰੰਤੂ ਸਮਕਾਲੀ ਸਮਿਆਂ ਦੌਰਾਨ ਇਹ ਵਿਰਾਟ ਰੂਪ ਧਾਰਨ ਕਰ ਚੁੱਕੀ ਹੈ। ਪਰਵਾਸ ਦਾ ਵਿਕਰਾਲ ਰੂਪ ਸਤਾਰ੍ਹਵੀਂ ਸਦੀ ਵਿਚ ਉਦਯੋਗਿਕ ਕ੍ਰਾਂਤੀ ਤੋਂ ਬਾਅਦ ਸ਼ੁਰੂ ਹੁੰਦਾ ਹੈ ਇਸ ਪਰਵਾਸ ਦੇ ਦੋ ਰੂਪ ਸਾਡੇ ਲਈ ਅਹਿਮ ਹਨ। ਪਹਿਲਾ, ਇਹ ਪਰਵਾਸ ਬਸਤੀਕਰਨ ਦੀ ਉਸ ਪ੍ਰਕਿਰਿਆ ਦੀ ਪੈਦਾਇਸ਼ ਹੈ ਜਿਸ ਦਾ ਕੇਂਦਰ ਬਿੰਦੂ ਯੂਰਪ ਦੇ ਅਮੀਰ ਦੇਸ਼ ਸਨ। ਦੂਜਾ, ਇਸ ਪਰਵਾਸ ਦੇ ਫਲਸਰੂਪ ਹੀ ਨਵੇਂ ਯੂਰਪ ਅਤੇ ਉੱਤਰੀ ਅਮਰੀਕਾ ਦਾ ਵਰਤਮਾਨ ਸਰੂਪ ਹੋਂਦ ਧਾਰਨ ਕਰ ਸਕਿਆ ਜਿਹੜਾ ਕਿ ਅੱਜ ਦੀ ਪਰਵਾਸ ਦੀ ਸਾਰੀ ਪ੍ਰਕਿਰਿਆ ਦਾ ਕੇਂਦਰੀ ਬਿੰਦੂ ਹੈ। ਸਮਕਾਲੀ ਵਿਸ਼ਵੀ ਅਤੇ ਖੇਤਰੀ ਸੰਬੰਧਾਂ ਦੀ ਆਪਸੀ ਗੁੰਝਲਦਾਰ ਪ੍ਰਕਿਰਿਆ ਵਿਚ ਪਰਵਾਸ ਇਕ ਅਹਿਮ ਅਤੇ ਵਿਆਪਕ ਵਰਤਾਰਾ ਬਣ ਗਿਆ ਹੈ। ਪਰਵਾਸ ਦੀ ਇਸੇ ਗੁੰਝਲਦਾਰ ਪ੍ਰਕਿਰਿਆ ਦੇ ਅੰਤਰਗਤ ਅੰਤਰ-ਸਭਿਆਚਾਰਕ ਪ੍ਰਸੰਗਾਂ ਅਤੇ ਮਾਨਵੀ ਸਰੋਕਾਰਾਂ ਨੂੰ ਸਮਝਣਾ ਤੇ ਘੋਖਣਾ ਬੜਾ ਜ਼ਰੂਰੀ ਹੈ। ਪਿਛਲੇ ਕੁਝ ਸਮੇਂ ਦੌਰਾਨ ਵੱਖ-ਵੱਖ ਪਿਛੋਕੜਾਂ ਅਤੇ ਕੌਮਾਂ ਦੇ ਲੋਕਾਂ ਨੇ ਵੱਡੀ ਪੱਧਰ 'ਤੇ ਪਰਵਾਸ ਧਾਰਨ ਕਰਕੇ ਪੱਛਮੀ ਸਮਾਜ ਨੂੰ ਬਹੁ-ਸਭਿਆਚਾਰਕ ਸਮਾਜ ਵਿਚ ਤਬਦੀਲ ਕਰ ਦਿੱਤਾ ਹੈ। ਇਸ ਕਰਕੇ ਅੱਜ ਦਾ ਪੱਛਮੀ ਸਮਾਜ ਸਹੀ ਅਰਥਾਂ ਵਿੱਚ ਬਹੁ-ਸਭਿਆਚਾਰਕ ਸਮਾਜ ਹੈ। ਇਸ ਸਭਿਆਚਾਰ ਵਿਚ ਅਨੇਕਾਂ ਸਭਿਆਚਾਰਕ ਪਿਛੋਕੜਾਂ ਦੇ ਲੋਕ ਨਾਗਰਿਕਤਾ ਧਾਰਨ ਕਰਕੇ ਉਸ ਸਮਾਜਿਕ ਵਰਤਾਰੇ ਦਾ ਹਿੱਸਾ ਬਣ ਗਏ ਹਨ। ਇਹ ਸਭਿਆਚਾਰਕ ਵਰਤਾਰਾ ਇਕ ਜਟਿਲ ਪ੍ਰਬੰਧ ਵਜੋਂ ਜਾਣਿਆ ਜਾਂਦਾ ਹੈ ਕਿਉਂਕਿ ਇਸ ਦੀਆਂ ਅੰਤਰੀਵੀ ਸਰੰਚਨਾਵਾਂ ਵਿੱਚ ਨਿੱਕੇ-ਨਿੱਕੇ ਵਖਰੇਵਿਆਂ ਵਾਲੇ ਕਈ ਅੰਸ਼ ਮੌਜੂਦ ਹੁੰਦੇ ਹਨ। ਇਸ ਸਾਰੀ ਪ੍ਰਕ੍ਰਿਆ ਵਿਚ ਸਭਿਆਚਾਰ ਦੇ ਅੰਦਰੂਨੀ ਵਿਕਾਸਸ਼ੀਲ ਪੜਾਵਾਂ ਵਿਚ ਨਵੇਂ ਅਨੁਸ਼ਾਸਨਾਂ ਅਤੇ ਜੀਵਨ ਕੀਮਤਾਂ ਦਾ ਪੈਦਾ ਹੋਣਾ ਹੀ ਅੰਤਰ ਸਭਿਆਚਾਰਕ ਸੰਵਾਦ ਦਾ ਅਧਾਰ ਬਣਦੇ ਹਨ। ਇਸੇ ਹਥਲੇ ਖੋਜ ਪੱਤਰ ਵਿਚ ਪਰਵਾਸ ਦੇ ਸੰਕਲਪ ਅਤੇ ਬਹੁ-ਸਭਿਆਚਾਰਕ ਸਥਿਤੀ ਨੂੰ ਇਤਿਹਾਸਕ ਸੰਦਰਭ ਵਿਚ ਵਿਚਾਰਿਆ ਜਾਵੇਗਾ।*

***ਕੀਵਰਡ : ਪਰਵਾਸ, ਉਦਯੋਗਿਕ-ਕ੍ਰਾਂਤੀ, ਸਮਕਾਲੀ, ਸਭਿਆਚਾਰ, ਬਹੁ-ਸਭਿਆਚਾਰਕ, ਸਮਾਜਿਕ, ਪੱਛਮੀ।***

ਪਰਵਾਸ ਵੀਹਵੀਂ ਸਦੀ ਦਾ ਸਭ ਤੋਂ ਅਹਿਮ ਅਤੇ ਪ੍ਰਭਾਵਸ਼ਾਲੀ ਵਰਤਾਰਾ ਹੈ ਅੱਜ ਦੇ ਸੰਸਾਰ ਦੀ ਸਮੁੱਚੀ ਅਦਲਾ- ਬਦਲੀ, ਵਿਕਾਸ, ਸਮਾਜਕ ਵਿਉਂਤ ਅਤੇ ਤਰੱਕੀ ਦਾ ਆਧਾਰ ਪਰਵਾਸ ਦੀ ਮਾਨਵੀ ਸਥਿਤੀ ਅਤੇ ਪ੍ਰਕਿਰਿਆ ਨੂੰ ਹੀ ਮੰਨਿਆ ਜਾ ਸਕਦਾ ਹੈ। ਪਰਵਾਸ ਦਾ ਸਿਲਸਿਲਾ ਭਾਵੇਂ ਨਵੇਂ ਸੰਸਾਰਕ ਪ੍ਰਬੰਧ ਦੀ ਹੀ ਪੈਦਾਵਰ ਹੈ। ਪਰ ਇਹ ਵੀ ਸੱਚ ਹੈ ਕਿ ਇਸ ਪ੍ਰਬੰਧ ਨੂੰ ਵਿਉਂਤ-ਬੱਧ ਕਰਨ ਵਿੱਚ ਪਰਵਾਸ ਦੀ ਜਗਿਆਸਾ ਅਤੇ ਅਮਲ ਦਾ ਬਹੁਤ ਵੱਡਾ ਯੋਗਦਾਨ ਹੈ। ਹੁਣ ਅਜਿਹਾ ਕੋਈ ਵੀ ਖ਼ਿੱਤਾ, ਸਮਾਜ ਜਾਂ ਸਮਾਜਿਕ ਗੁੱਟ ਨਹੀਂ ਹੈ, ਜੋ ਪਰਵਾਸ ਦੀ ਪ੍ਰਕਿਰਿਆ ਅਤੇ ਪਰਵਾਸ ਦੀ ਪ੍ਰਭਾਵਸ਼ੀਲਤਾ ਤੋਂ ਮੁਕਤ ਰਹਿ ਸਕਿਆ ਹੋਵੇ। ਸਿੱਟੇ ਵਜੋਂ ਵੀਹਵੀਂ ਸਦੀ ਦੇ ਪੰਜਾਬੀ ਸਮਾਜ ਦੀਆਂ ਰਚਨਾਤਮਕ ਪ੍ਰਕਿਰਿਆਵਾਂ ਅਤੇ ਰਚਨਾ-ਵਿਉਂਤ ਦਾ ਅਧਿਐਨ ਕਰਨ ਸਮੇਂ ਵੀ ਪਰਵਾਸ ਇੱਕ ਪ੍ਰਮੁੱਖ ਵਿਚਾਰਾਤਮਕ ਕੋਟੀ ਦੇ ਰੂਪ ਵਿਚ ਉੱਭਰਦਾ ਹੈ।

*'ਪਰਵਾਸ ਅੰਗਰੇਜ਼ੀ ਭਾਸ਼ਾ ਦੇ ਸ਼ਬਦ ਇਮੀਗਰੇਸ਼ਨ ਦਾ ਪਰਿਆਇਵਾਚੀ ਹੈ, ਜਿਸ ਦਾ ਅਰਥ ਹੈ ਥਾਂ ਬਦਲ ਕੇ ਪੱਕਾ ਵਸੇਬਾ ਧਾਰਨ ਕਰਨਾ ਇਨਕਾਰਟਾ ਵਿਸ਼ਵਕੋਸ ਅਨੁਸਾਰ ਪਰਵਾਸ ਤੋਂ ਭਾਵ ਲੋਕਾਂ ਦੇ ਸਮੂਹ ਦਾ ਕਿਸੇ ਹੋਰ ਮੁਲਕ ਵਿਚ ਉੱਥੋਂ ਦੇ ਪੱਕੇ ਨਿਵਾਸੀ ਬਣਨ ਦੀ ਨੀਅਤ ਨਾਲ ਉੱਥੇ ਜਾਂਦਾ ਹੈ।"*

ਇਸ ਦੇ ਸਮਾਨੰਤਰ ਅੰਗਰੇਜ਼ੀ ਜ਼ੁਬਾਨ ਵਿਚ ਸ਼ਬਦ ਇਮੀਗ੍ਰੇਸ਼ਨ ਹੈ ਜਿਸ ਦਾ ਭਾਵ ਹੈ ਆਪਣੇ ਮੁਲਕ ਨੂੰ ਪੱਕੇ ਤੌਰ ਤੇ ਤਿਆਗ ਦੇਣ ਦੀ ਇਹ ਕਿਰਿਆ ਸਿਰਫ਼ ਦੇਸ਼ ਛੱਡਣ ਦੇ ਕਾਰਜ ਨੂੰ ਹੀ ਬਿਆਨ ਕਰਦੀ ਹੈ। ਪਰਵਾਸ ਦੇ ਨਾਲ ਹੀ ਇੱਥੇ ਪਰਵਾਸੀ ਮਨੁੱਖ ਸੰਬੰਧੀ ਚਰਚਾ ਕਰ ਲੈਣੀ ਜ਼ਰੂਰੀ ਜਾਪਦੀ ਹੈ ਕਿਉਂਕਿ ਪਰਵਾਸ ਦਾ ਸਮੁੱਚਾ ਪ੍ਰਬੰਧ ਪਰਵਾਸੀ ਨਾਲ ਹੀ ਵਾਪਰਦਾ ਹੈ।

*'ਪਰਵਾਸੀ ਉਹ ਵਿਅਕਤੀ ਹੁੰਦਾ ਹੈ ਜਿਹੜਾ ਰੁਜ਼ਗਾਰ ਜਾਂ ਚੰਗੇਰੇ ਜੀਵਨ-ਭਵਿੱਖ ਲਈ ਆਪਣੇ ਮੁਲਕ ਤੋਂ ਕਿਸੇ ਦੂਜੇ ਮੁਲਕ ਵਿਚ ਪੱਕੇ ਤੌਰ ਤੇ ਵੱਸਣ ਲਈ ਜਾਂਦਾ ਹੈ।'*[2]

ਪਰਵਾਸ ਦੀ ਪ੍ਰਕਿਰਿਆ ਭਾਵੇਂ ਸਦੀਆਂ ਪੁਰਾਣੀ ਹੈ ਪਰ ਇਸ ਦਾ ਵਿਰਾਟ ਰੂਪ ਸਤਾਰ੍ਹਵੀਂ ਸਦੀ ਤੋਂ ਬਾਅਦ ਹੀ ਸ਼ੁਰੂ ਹੁੰਦਾ ਹੈ ਇਸ ਪਰਵਾਸ ਦੇ ਦੋ ਰੂਪ ਸਾਡੇ ਲਈ ਅਹਿਮ ਹਨ, ਪਹਿਲਾ ਇਹ ਪਰਵਾਸ ਬਸਤੀਕਾਰੀ ਅਤੇ ਬਸਤੀਕਰਨ ਦੀ ਉਸ ਪ੍ਰਕਿਰਿਆ ਦੀ ਪੈਦਾਇਸ਼ ਹੈ, ਜਿਸ ਦਾ ਕੇਂਦਰ ਬਿੰਦੂ ਯੂਰਪ ਦੇ ਅਮੀਰ ਦੇਸ਼ ਸਨ। ਦੂਜਾ, ਇਸ ਪਰਵਾਸ ਦੇ ਫਲਸਰੂਪ ਹੀ ਨਵੇਂ ਯੂਰਪ ਅਤੇ ਉੱਤਰੀ ਅਮਰੀਕਾ ਦਾ ਵਰਤਮਾਨ ਸਰੂਪ ਹੋਂਦ ਧਾਰਨ ਕਰ ਸਕਿਆ ਜਿਹੜਾ ਕਿ ਅੱਜ ਦੀ ਪਰਵਾਸ ਦੀ ਸਾਰੀ ਪ੍ਰਕਿਰਿਆ ਦਾ ਕੇਂਦਰੀ ਬਿੰਦੂ ਹੈ। ਅਸਲ ਵਿੱਚ ਸਤਾਰ੍ਹਵੀਂ ਸਦੀ ਤੋਂ ਲੈ ਕੇ 19ਵੀਂ ਸਦੀ ਤੱਕ ਦਾ ਪ੍ਰਵਾਸ ਯੂਰਪੀ ਲੋਕਾਂ ਦਾ ਪ੍ਰਵਾਸ ਹੈ ਜਿਸ ਵਿੱਚ ਇੱਥੋਂ ਲੱਖਾਂ ਹੀ ਲੋਕ ਉੱਤਰੀ ਅਤੇ ਦੱਖਣੀ ਅਮਰੀਕੀ ਪੂਰਵੀ ਅਤੇ ਦੱਖਣੀ ਅਫ਼ਰੀਕਾ ਆਸਟ੍ਰੇਲੀਆ ਅਤੇ ਏਸ਼ੀਆ ਆਦਿ ਮਹਾਂਦੀਪਾਂ ਵਿੱਚ ਉਹਨਾਂ ਬਸਤੀਆਂ ਵਿੱਚ ਪਹੁੰਚੇ ਜਿੱਥੇ ਉਹਨਾਂ ਦੇ ਆਪਣੀਆਂ ਬਸਤੀਆਂ ਤਿਆਰ ਕੀਤੀਆਂ ਹੋਈਆਂ ਸਨ ਇਹ ਲੋਕ ਆਪਣੇ ਮੂਲ ਦੇਸ਼ ਦੀ ਤਰੱਕੀ ਵਿੱਚ ਹਿੱਸਾ ਪਾਉਣ ਅਤੇ ਨਵੇਂ ਦੇਸ਼ਾਂ ਵਿੱਚ ਪੈਦਾ ਹੋਏ ਨਵੇਂ ਰੁਜ਼ਗਾਰ, ਵਪਾਰ ਅਤੇ ਜ਼ਮੀਨਾਂ ਦੇ ਮਾਲਕ ਹੋ ਕੇ ਆਰਥਿਕ ਤਰੱਕੀ ਦੀ ਲਾਲਸਾ ਨਾਲ ਪਰਵਾਸ ਕਰਕੇ ਗਏ। ਇਸ ਤਰ੍ਹਾਂ ਇਹ ਪ੍ਰਵਾਸ ਸਨਮਾਨ ਵਾਲਾ ਪ੍ਰਵਾਸ ਹੈ ਜੋ ਮਨੁੱਖ ਨੂੰ ਵਡੇਰੇ ਸੁਪਨੇ ਪ੍ਰਦਾਨ ਕਰਨ ਦੇ ਨਾਲ ਨਾਲ ਆਰਥਿਕ ਖ਼ੁਸ਼ਹਾਲੀ ਅਤੇ ਗ਼ੁਲਾਮ ਮੁਲਕ ਦੇ ਬਾਸ਼ਿੰਦਿਆਂ ਉੱਤੇ ਹੁਕਮਰਾਨਾਂ ਵਾਲਾ ਦਬਦਬਾ ਕਾਇਮ ਕਰਨ ਦੀ ਮਾਨਸਿਕਤਾ ਨੂੰ ਵੀ ਪੂਰਾ ਕਰਦਾ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਪਰਵਾਸ ਦੀ ਇਸ ਪ੍ਰਕਿਰਿਆ ਵਿੱਚ ਵੀ ਦੇਸ ਛੱਡਣ ਅਤੇ ਜਨਮ ਭੂਮੀ ਤੋਂ ਦੂਰ ਰਹਿਣ ਦਾ ਸੰਤਾਪ ਨਿਰੰਤਰ ਕਾਇਮ ਰਹਿੰਦਾ ਹੈ। ਪਰ ਵੀਹਵੀਂ ਸਦੀ ਦੀ ਪਰਵਾਸ ਦੀ ਪ੍ਰਕਿਰਿਆ ਹੁਲਾਸ ਤੋਂ ਵਿਰਵੀ ਹੋ ਕੇ ਸਿਰਫ਼ ਸੰਤਾਪ ਉੱਤੇ ਹੀ ਕੇਂਦਰਿਤ ਹੁੰਦੀ ਹੈ ਇਸ ਪ੍ਰਵਾਸ ਦਾ ਮੁਹਾਲ ਬਸਤੀਕਾਰ ਦੇ ਦੇਸ਼ ਤੋਂ ਸ਼ੁਰੂ ਹੋ ਕੇ ਬਸਤੀ ਕ੍ਰਿਤ ਦੇਸ਼ ਤਕ ਜਾਣਾ ਨਹੀਂ ਹੈ।

ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਅਤੇ ਵੀਹਵੀਂ ਸਦੀ ਵਿੱਚ ਲੱਖਾਂ ਲੋਕਾਂ ਦੀ ਪਰਵਾਸ ਕਰ ਜਾਣ ਕਰਕੇ ਥਾਂ ਬਦਲੀ ਅਤੇ ਦੇਸ਼-ਕੌਮ ਦੇ ਰੂਪਾਂਤਰਨ ਦੀ ਪ੍ਰਵਿਰਤੀ ਅੱਜ ਦੇ ਸੰਸਾਰਕ ਪ੍ਰਬੰਧ ਦਾ ਅਹਿਮ ਅਤੇ ਮਹੱਤਵਪੂਰਨ ਮਸਲਾ ਬਣ ਚੁੱਕਾ ਹੈ। ਇਸ ਵਾਸਤੇ ਹੁਣ ਖੇਤਰੀ ਹੋਂਦ ਦੇ ਸਰੋਕਾਰ ਅਤੇ ਸੰਸਾਰਕ ਪ੍ਰਬੰਧ ਦੀ ਕਾਰਜਸ਼ੀਲਤਾ ਨਵੇਂ ਰਿਸ਼ਤੇ ਵਿੱਚ ਬੱਝ ਗਏ ਹਨ। ਸਿੱਟੇ ਵਜੋਂ ਸਮਕਾਲੀ ਵਿਸ਼ਵੀ ਅਤੇ ਖੇਤਰੀ ਸੰਬੰਧਾਂ ਦੀ ਆਪਸੀ ਗੁੰਝਲਦਾਰ ਪ੍ਰਕਿਰਿਆ ਵਿਚ ਪਰਵਾਸ ਇਕ ਅਹਿਮ ਅਤੇ ਵਿਆਪਕ ਵਰਤਾਰਾ ਬਣ ਗਿਆ ਹੈ ਅਤੇ ਪਰਵਾਸ ਅੰਤਰ-ਸਭਿਆਚਾਰਕ ਪ੍ਰਸੰਗਾਂ ਅਤੇ ਮਾਨਵੀ ਸਰੋਕਾਰਾਂ ਨੂੰ ਸਮਝਦਾ ਤੇ ਘੋਖਣਾ ਬੜਾ ਜ਼ਰੂਰੀ ਹੈ। ਪਿਛਲੇ ਕੁਝ ਸਮੇਂ ਦੌਰਾਨ ਵੱਖ-ਵੱਖ ਪਿਛੋਕੜਾਂ ਅਤੇ ਕੌਮਾਂ ਦੇ ਲੋਕਾਂ ਨੇ ਵੱਡੀ ਪੱਧਰ ਤੇ ਲੋਕਾਂ ਪਰਵਾਸ ਧਾਰਨ ਕਰਕੇ ਪੱਛਮੀ ਸਮਾਜ ਨੂੰ ਬਹੁ-ਸਭਿਆਚਾਰਕ ਸਮਾਜ ਵਿਚ ਤਬਦੀਲ ਕਰ ਦਿੱਤਾ ਹੈ। ਇਸ ਕਰਕੇ ਅੱਜ ਦਾ ਪੱਛਮੀ ਦੇਸ਼ਾਂ ਦਾ ਸਮਾਜ ਸਹੀ ਅਰਥਾਂ ਵਿੱਚ ਬਹੁ-ਸਭਿਆਚਾਰਕ ਸਮਾਜ ਹੈ, ਜਿਸ ਵਿਚ ਅਨੇਕਾਂ ਸਭਿਆਚਾਰਕ ਪਿਛੋਕੜਾਂ ਦੇ ਲੋਕ ਪੱਕੇ ਤੌਰ 'ਤੇ ਰਹਿੰਦੇ ਹਨ ਅਤੇ ਇਕ ਹੀ ਦੇਸ- ਕੌਮ ਦੇ ਵਰਤਾਰੇ ਦਾ ਹਿੱਸਾ ਬਣ ਗਏ ਹਨ। ਇਸ ਸਥਿਤੀ ਵਿਚ ਇੱਥੋਂ ਦੀਆਂ ਸਭਿਆਚਾਰਕ ਸਿਰਜਨਾਵਾਂ ਦੀ ਤਾਸੀਰ ਵੀ ਇਕਸੁਰ ਨਹੀਂ ਰਹਿ ਗਈ, ਬਲਕਿ ਇਸ ਵਿਚ ਵੱਖਰੇ-ਵੱਖਰੇ ਸਭਿਆਚਾਰਕ ਪਿਛੋਕੜਾਂ ਦੀਆਂ ਵੱਖੋ-ਵੱਖਰੀਆਂ ਸੁਰਾਂ ਦਾ ਸੰਜਮ ਤੇ ਇਕ ਸੰਵਾਦ ਦੇ ਰੂਪ ਵਿਚ ਗਤੀਸ਼ੀਲ ਹਨ। ਇਹੀ ਕਾਰਨ ਹੈ ਕਿ ਇੱਥੋਂ ਦੀਆਂ ਸਭਿਆਚਾਰਕ ਸਿਰਜਨਾਵਾਂ ਵੀ ਇਕਹਿਰੇ ਸੁਭਾਅ ਵਾਲੇ ਸਭਿਆਚਾਰ ਦੇ ਪ੍ਰਤੀਮਾਨਾ ਅਤੇ ਸੰਕਲਪ-ਪ੍ਰਬੰਧਾਂ ਨੂੰ ਸਿਰਜਣ ਦੀ ਥਾਂ ਅਜਿਹੀ ਰਚਨਾਤਮਕਤਾ ਨੂੰ ਧਾਰਨ ਕਰਦੀਆਂ ਹਨ, ਜੋ ਇਕ ਤੋਂ ਵਧੇਰੇ ਸੱਭਿਆਚਾਰ ਦੀਆਂ ਪਰੰਪਰਾਵਾਂ ਅਤੇ ਪ੍ਰਤਿਮਾਨਾਂ ਦੀ ਸਹਿ ਹੋਂਦ ਅਤੇ ਸੰਵਾਦ ਰਾਹੀਂ ਸੰਭਵ ਹੁੰਦੀ ਹੈ। ਸਿੱਟੇ ਵਜੋਂ ਇੱਥੋਂ ਦੀ ਸਾਹਿਤ ਸਿਰਜਣ ਪ੍ਰਕਿਰਿਆ ਵਿਚ ਵੀ ਹੁਣ ਸਭਿਆਚਾਰਕ ਪਰੰਪਰਾਵਾਂ ਦੇ ਮਿਸ਼ਰਨ, ਆਪਣੀਆਂ ਜੜ੍ਹਾਂ ਨਾਲ ਬਾਵਸਤਗੀ ਅਤੇ ਬਹੁ-ਸਭਿਆਚਾਰਕ ਸੰਵਾਦ ਦੀ ਗੁੰਝਲਦਾਰ ਪ੍ਰਕਿਰਿਆ ਸਰਗਰਮ ਦੇਖੀ ਜਾ ਸਕਦੀ ਹੈ। ਇਹੀ ਕਾਰਨ ਹੈ ਕਿ ਪੱਛਮੀ ਸਮਾਜਾਂ ਦੀਆਂ ਸਭਿਆਚਾਰਕ ਸਿਰਜਨਾਵਾਂ ਵਿਚ ਪਾਰ-ਸਭਿਆਚਾਰਕ ਸਰੋਕਾਰ ਅਤੇ ਸੰਦਰਭ ਵਿਸ਼ੇਸ਼ ਰੂਪ ਵਿੱਚ ਸੁਹਜਾਤਮਕ ਅਤੇ ਕਲਾਤਮਕ ਅਮਲ ਬਣ ਕੇ ਪ੍ਰਗਟ ਹੁੰਦੇ ਹਨ। ਇਹ ਇੱਥੋਂ ਦੀ ਸਾਹਿਤ ਸਿਰਜਣਾ ਨੂੰ ਮੂਲਵਾਸ ਅਤੇ ਪਰਵਾਸ ਦੇ ਅੰਤਰ-ਸੰਬੰਧਿਤ ਘੇਰਿਆਂ ਵਿਚ ਸੰਜਮਸ਼ੀਲ ਵਿਉਂਤ ਅਨੁਸਾਰ ਸੰਗਠਿਤ ਵੀ ਕਰਦੇ ਰਹਿੰਦੇ ਹਨ ਅਤੇ ਸਿਰਜਿਤ ਅਤੇ ਪੁਨਰ-ਸਿਰਜਿਤ ਵੀ ਕਰਦੇ ਰਹਿੰਦੇ ਹਨ। ਇਸ ਕਰਕੇ ਸਮਕਾਲੀ ਪਰਵਾਸੀ ਸਾਹਿਤ ਦੇ ਵਿਸ਼ੇਗਤ ਸੰਦਰਭਾਂ ਵਿਚ ਭੂ ਹੇਰਵਾ, ਨਸਲੀ ਵਿਤਕਰੇ, ਘਰ ਵਾਪਸ ਪਰਤਣ ਦਾ ਉਮਾਹ, ਮਾਤ ਭੂਮੀ ਦਾ ਗੌਰਵ ਅਤੇ ਭਟਕਦੇ ਮਨੁੱਖ ਦੀ ਪੇਸ਼ਕਾਰੀ ਦੀ ਅੰਤਰ- ਸਭਿਆਚਾਰਕ ਅਤੇ ਪਾਰ- ਸਭਿਆਚਾਰਕ ਸੰਦਰਭ ਅਤੇ ਸਰੋਕਾਰ ਸਰਗਰਮੀ ਦਿਖਾਈ ਦਿੰਦੇ ਹਨ।

ਵੀਹਵੀਂ ਸਦੀ ਦੇ ਅੰਤ ਵਿਚ ਇਹ ਗੱਲ ਭਲੀ ਭਾਂਤ ਸਪਸ਼ਟ ਹੋ ਗਈ ਹੈ ਕਿ ਇਸ ਸੰਸਾਰ ਵਿਚ ਕੋਈ ਵੀ ਕੌਮ/ਭਾਈਚਾਰਾ ਕਿਸੇ ਵੀ ਇਕੱਲੇ ਖ਼ਿੱਤੇ ਵੀ ਸੰਸਾਰ ਨਾਲੋਂ ਟੁੱਟ ਕੇ ਆਪਸੀ ਸੰਬੰਧਾਂ ਬਗੈਰ ਨਹੀਂ ਰਹਿ ਸਕਦਾ। ਇਸੇ ਕਰਕੇ ਕਿਸੇ ਵੀ ਕੌਮ ਦੁਆਰਾ ਸਿਰਜਿਤ ਸਭਿਆਚਾਰ ਦੀ ਹੋਂਦ ਦੂਸਰੇ ਸਮਾਨੰਤਰ

ਸਭਿਆਚਾਰ ਦੇ ਅੰਤਰ-ਸਬੰਧਾਂ ਦੁਆਰਾ ਰੂਪਾਂਤਰਨ ਦੇ ਵਰਤਾਰੇ ਵਿਚ ਸਰਗਰਮ ਰਹਿੰਦੀ ਹੈ। ਸਭਿਆਚਾਰਾਂ ਦੇ ਆਪਸੀ ਅੰਤਰ-ਸਬੰਧਾਂ ਅਤੇ ਅੰਤਰ-ਕਿਰਿਆਵਾਂ ਦਾ ਆਧਾਰ ਪਰਵਾਸ ਅਤੇ ਸਾਇੰਸ ਅਤੇ ਤਕਨਾਲੋਜੀ ਦੇ ਖੇਤਰ ਵਿਚ ਹੋਇਆ ਵਿਕਾਸ ਹੈ। ਜਿਵੇਂ ਕਿ ਸੂਚਨਾ ਤਕਨਾਲੋਜੀ (ਜਿਸ ਵਿਚ ਟੀ. ਵੀ. ਇੰਟਰਨੈੱਟ, ਕੰਪਿਊਟਰੀ ਵਰਤਾਰਾ ਆਦਿ ਵੱਡਾ ਸਥਾਨ ਰੱਖਦੇ ਹਨ) ਨੇ ਅੱਜ ਦਾ ਸੰਸਾਰ ਹਰ ਇੱਕ ਮਨੁੱਖ ਦੇ ਸਮਰੱਥਾ ਵਿਚ ਲੈ ਆਉਂਦਾ ਹੈ ਅਤੇ ਅਸੀਂ ਇੱਕੋ ਸਮੇਂ ਤੇ ਸਥਾਨ ਦੇ ਬਾਸ਼ਿੰਦੇ ਹੋਣ ਦੀ ਥਾਂ ਭਿੰਨ-ਭਿੰਨ ਸਮਿਆਂ ਤੇ ਸਥਾਨਾਂ ਦਾ ਹਿੱਸਾ ਹੋ ਸਕਦੇ ਹਾਂ। ਬਹੁ-ਸਭਿਆਚਾਰਕ ਸਥਿਤੀ ਬਹੁ-ਵਿਵਾਦੀ ਅਤੇ ਬਹੁ-ਪਰਤੀ ਹੁੰਦੀ ਹੈ। ਇਸ ਵਿਚ ਕੋਈ ਇਕ ਸਭਿਆਚਾਰ ਭਾਰੂ ਨਹੀਂ ਹੁੰਦਾ ਸਗੋਂ ਬਾਕੀ ਸਾਰੇ ਸਭਿਆਚਾਰਾਂ ਨੂੰ ਵੀ ਆਪਣੀ ਹਸਤੀ ਦੀ ਸਮਾਨਤਾ ਅਤੇ ਵੱਖਰਤਾ ਨੂੰ ਪੇਸ਼ ਕਰਨ ਦਾ ਹੱਕ ਬਰਾਬਰ ਤੌਰ ਤੇ ਉਪਲਬਧ ਹੁੰਦਾ ਹੈ। ਇਸੇ ਕਰਕੇ ਹੀ ਬਹੁ-ਸਭਿਆਚਾਰ ਵਾਦ (multi-culturalism) ਇਕ ਅਜਿਹਾ ਵਰਤਾਰਾ ਹੋ ਕੇ ਨਿੱਬੜਦਾ ਹੈ, ਜਿਸ ਦਾ ਉਦੇਸ਼ ਭਿੰਨ ਭਿੰਨ ਪਿਛੋਕੜਾਂ ਅਤੇ ਸਭਿਆਚਾਰਾਂ ਦੀਆਂ ਵੰਨ- ਸੁਵੰਨਤਾਵਾਂ ਅਤੇ ਵੱਖਰਤਾਵਾਂ ਨੂੰ ਮਾਨਤਾ ਦਿੰਦੇ ਹੋਏ ਸਿਰਫ਼ ਸਮਾਨਤਾਵਾਂ ਦੇ ਗੁਣ ਗਾਇਣ ਕਰਨ ਦੀ ਬਜਾਏ ਭਿੰਨਤਾਵਾਂ ਨੂੰ ਸਮਾਜਿਕ ਵਿਗਾੜ ਮੰਨਣ ਦੀ ਥਾਂ ਗੁਣ ਦੇ ਰੂਪ ਵਿਚ ਪਰਿਭਾਸ਼ਤ ਕਰਨਾ ਹੁੰਦਾ ਹੈ।

*ਵੀਹਵੀਂ ਸਦੀ ਦੇ ਅੰਤ ਵਿਚ ਗਿਆਨ ਅਤੇ ਚਿੰਤਨ ਦੇ ਖੇਤਰ ਵਿੱਚ ਵੱਡੇ ਤੌਰ ਤੇ ਤਬਦੀਲੀ ਵਾਪਰੀ ਹੈ। ਇਸ ਨਾਲ ਸਭਿਆਚਾਰਕ ਵਰਤਾਰਿਆਂ ਦੀ ਪ੍ਰਕਿਰਤੀ ਅਤੇ ਪ੍ਰਕਿਰਿਆ ਨੂੰ ਫਿਰ ਤੋਂ ਪਰਿਭਾਸ਼ਿਤ ਕੀਤਾ ਗਿਆ ਹੈ। ਇਸ ਸਿਲਸਿਲੇ ਨੂੰ ਪੁਨਰ-ਪਰਿਭਾਸ਼ਤ ਕਰਨ ਲਈ ਕਈ ਨਵੇਂ ਸੰਕਲਪ ਹੋਂਦ ਵਿੱਚ ਆਏ ਬਹੁ-ਸਭਿਆਚਾਰਵਾਦ ਦਾ ਸੰਕਲਪ ਅਨੇਕਾਂ ਵੱਖਰੀਆਂ-ਵੱਖਰੀਆਂ ਸਭਿਆਚਾਰਕ ਅਨੇਕਤਾਵਾਂ ਦੇ ਰੂਪਾਂ ਨੂੰ ਆਪਣੇ ਕਲੇਵੇ ਵਿਚ ਲੈਂਦਾ ਹੈ ਅਤੇ ਇਸ ਵਿਚ ਮੌਜੂਦ ਹਰ ਇਕ ਰੂਪ ਦੀ ਆਪਣੀ ਇਕ ਕਿਰਿਆ ਅਤੇ ਪ੍ਰਤੀਕਿਰਿਆ ਗਤੀਸ਼ੀਲ ਹੁੰਦੀ ਹੈ। ਇਸ ਵਿਚ ਹਰ ਇਕ ਸਮੁਦਾਇ ਦੇ ਸਭਿਆਚਾਰ ਦੀ ਕਿਰਿਆ-ਪ੍ਰਤੀਕਿਰਿਆ ਰਾਜਨੀਤਿਕ ਭਾਈਚਾਰਿਆਂ ਨਾਲ ਸਾਂਝ ਪਾਉਣਾ ਚਾਹੁੰਦੀ ਹੈ।3*

ਇਸ ਬਹੁ-ਸਭਿਆਚਾਰਕ ਸਥਿਤੀ ਵਿਚ ਹਰ ਇਕ ਸਭਿਆਚਾਰ ਰਾਜਨੀਤਿਕ ਪ੍ਰਸੰਗਾਂ ਨਾਲ ਜੁੜਨ ਪ੍ਰਤੀ ਸੁਚੇਤ ਵੀ ਹੁੰਦਾ ਹੈ ਅਤੇ ਸਰਗਰਮ ਵੀ। ਕਿਸੇ ਸਭਿਆਚਾਰ ਦੀ ਪਹਿਚਾਣ ਨੂੰ ਹੁਣ ਖੇਤਰੀ ਸੰਦਰਭਾਂ ਦੇ ਨਾਲ-ਨਾਲ ਪਾਰ ਦੇ ਅਰਥਾਂ ਅਤੇ ਸਥਿਤੀ ਵਿਚੋਂ ਵਧੇਰੇ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਇਸ ਸਥਿਤੀ ਵਿਚ ਕੋਈ ਵੀ ਸਭਿਆਚਾਰ ਇਕ ਪਾਸੇ ਤਾਂ ਦੂਸਰਿਆਂ ਸਭਿਆਚਾਰਾਂ ਨਾਲੋਂ ਵੱਖਰਤਾ ਰੱਖਦਾ ਹੋਇਆ ਆਪਣੀ ਥਾਂ ਨਿਰਧਾਰਿਤ ਕਰਦਾ ਹੈ ਅਤੇ ਨਾਲ ਹੀ ਬਾਕੀ ਸਭਿਆਚਾਰਾਂ ਵਿਚੋਂ ਕੁਝ ਗ੍ਰਹਿਣ ਕਰਕੇ ਆਪਣੀ ਗਤੀਸ਼ੀਲਤਾ ਨੂੰ ਤਾਜ਼ਗੀ ਨਾਲ ਲਬਰੇਜ਼ ਕਰਦਾ ਰਹਿੰਦਾ ਹੈ । ਸਮਕਾਲੀ ਵਿਸ਼ਵ ਦੇ ਪ੍ਰਸੰਗ ਵਿਚ ਕਿਸੇ ਵੀ ਸਭਿਆਚਾਰ ਨੂੰ ਭੂਗੋਲਿਕ ਤੌਰ, ਤੇ ਸਥਾਨ ਦੇ ਪੱਖ ਤੋਂ ਹੀ ਪਰਿਭਾਸ਼ਿਤ ਨਹੀਂ ਕੀਤਾ ਜਾ ਸਕਦਾ ਸਗੋਂ ਨਵੀਂਆਂ ਸੰਸਾਰਕ ਬਣਤਰਾਂ ਵਿਚ ਇਸ ਦੀ ਸਪੇਸ ਹੋਣੀ ਅਤਿ ਜ਼ਰੂਰੀ ਹੈ। ਬਹੁ-ਸਭਿਆਚਾਰਕ ਸਥਿਤੀ ਵਿਚ ਹਰ ਇਕ ਸਭਿਆਚਾਰ ਦਾ ਆਪਣੀ ਸਪੇਸ ਲਈ ਸਰਗਰਮ ਹੋਣਾ ਉਨ੍ਹਾਂ ਹੀ ਜ਼ਰੂਰੀ ਹੈ ਕਿ ਜਿਨ੍ਹਾਂ ਕਿਸੇ ਸਭਿਆਚਾਰ ਦਾ ਆਪਣੀ ਹੋਂਦ ਨੂੰ ਕਾਇਮ ਰੱਖਣ ਗਤੀਸ਼ੀਲ ਰਹਿਣਾ ਜ਼ਰੂਰੀ ਹੈ। ਇਸ ਸੰਸਾਰਕ ਸਮੁੱਚਤਾ ਵਿਚ ਸਭਿਆਚਾਰਕ ਅੰਤਰ-ਵਟਾਂਦਰੇ ਬੜੀ ਤੇਜ਼ ਗਤੀ ਨਾਲ ਹੋ ਰਹੇ ਹਨ ਇਕ ਭਾਈਚਾਰਾ ਦੂਸਰੇ ਭਾਈਚਾਰਿਆਂ ਵਿੱਚ ਜਾ ਕੇ ਭਾਸ਼ਾ ਧਰਮ ਨਸਲ ਅਤੇ ਆਪਣੀ ਪਹਿਚਾਣ ਨੂੰ ਦੂਸਰੇ ਭਾਈਚਾਰੇ ਨਾਲ ਰਲਾ ਅੱਜ ਦੀ ਬਹੁ ਸਭਿਆਚਾਰਕ ਸਥਿਤੀ ਨੂੰ ਜਟਿਲ ਬਣਾ ਰਿਹਾ ਹੈ। ਇਹ ਬਹੁ ਸਭਿਆਚਾਰਕ ਸਥਿਤੀ ਹੀ ਮਨੁੱਖ ਦੀ ਇੱਕ ਥਾਂ ਤੋਂ ਦੂਸਰੀ ਥਾਂ ਜਾਣ ਅਤੇ ਵੱਸਣ ਦੇ ਕਾਰਜ ਨੂੰ ਨਿਆਂਸ਼ੀਲ ਕਰ ਦਿੰਦੀ ਹੈ ਇਸੇ ਕਰਕੇ ਹੀ ਅੱਜ ਦੇ ਸੰਸਾਰਿਕ ਪ੍ਰਬੰਧਾਂ ਵਿੱਚ ਸਭਿਆਚਾਰਕ ਪਛਾਣ ਦਾ ਮਸਲਾ ਇੱਕ ਵੱਡਾ ਅਤੇ ਬਹੁ-ਪਸਾਰੀ ਮਸਲਾ ਬਣ ਚੁੱਕਾ ਹੈ।

ਬਹੁਤ ਸਭਿਆਚਾਰਕ ਸੰਕਲਪ ਪ੍ਰਬੰਧ ਵਿੱਚ ਪਛਾਣ ਸਮਾਨਤਾ ਤੇ ਵੱਖਰਤਾ ਦੇ ਬੇਅੰਤ ਅਰਥ ਸੰਦਰਭ ਅਤੇ ਪਰਿਪੇਖ ਮੁੱਖ ਇਕਾਈਆਂ ਵਜੋਂ ਸਰਗਰਮ ਤੱਤਾਂ ਦੇ ਰੂਪ ਸੰਗਠਿਤ ਹੁੰਦੇ ਦੇਖੇ ਜਾ ਸਕਦੇ ਹਨ। ਕੋਈ ਵੀ ਸੱਭਿਆਚਾਰ ਆਪਣੇ ਆਪ ਨੂੰ ਕਿਸੇ ਦੂਸਰੇ ਸੱਭਿਆਚਾਰ ਵਿੱਚ ਵੱਖਰੇ ਤੌਰ ਤੇ ਰਹਿਣ ਦੀ ਵਿਸ਼ੇਸ਼ਤਾ ਰੱਖਦਾ ਹੋਇਆ ਹੀ ਉਸ ਦੀ ਹੂਬਹੂ ਨਕਲ ਨਹੀਂ ਹੋ ਸਕਦਾ। ਵੱਖਰਤਾ ਦੇ ਨਾਲ ਹੀ ਉਹ ਆਪਣੀ ਪਛਾਣ ਨੂੰ ਸਥਾਪਿਤ ਕਰਦਾ ਹੋਇਆ ਸਮਾਨਤਾ ਦਾ ਹੱਕ ਵੀ ਰੱਖਦਾ ਹੈ। ਇਸੇ ਕਰਕੇ ਕਿਸੇ ਵੀ ਇੱਕ ਸੱਭਿਆਚਾਰ ਦਾ ਦੂਸਰੇ ਸੱਭਿਆਚਾਰ ਨਾਲ ਇੱਕ ਅੰਤਰਵਰਤੀ ਅਤੇ ਬਾਹਰਵਰਤੀ ਸੰਵਾਦ ਵੀ ਚੱਲਦਾ ਰਹਿੰਦਾ ਹੈ। ਸੰਵਾਦ ਦੀ ਅਜਿਹੀ ਪ੍ਰਕਿਰਿਆ ਵਿੱਚੋਂ ਹੀ ਪ੍ਰਵਾਸੀ ਭਾਈਚਾਰੇ ਦਾ ਨਵਾਂ ਸੱਭਿਆਚਾਰ ਆਪਣੀ ਸਪੇਸ ਸਥਾਪਿਤ ਕਰਦਾ ਹੈ। ਇਸੇ ਕਰਕੇ ਹੀ ਕਿਹਾ ਜਾਂਦਾ ਹੈ ਕਿ ਹਰ ਇੱਕ ਸੱਭਿਆਚਾਰ ਦਾ ਆਪਣਾ ਮੁੱਲ ਅਤੇ ਵਿਸ਼ੇਸ਼ਤਾ ਉਸ ਦੇ ਆਪਣੇ ਮੂਲ ਵਿਵਹਾਰਾਂ ਤੇ ਜੀਵਨ ਸ਼ੈਲੀਆਂ ਦੇ ਵਾਤਾਵਰਨ ਵਿੱਚ ਹੀ ਹੁੰਦੀ ਹੈ।

*ਹਰ ਸੱਭਿਆਚਾਰ ਆਪਣੀ ਅੰਦਰੂਨੀ ਸੰਰਚਨਾ ਵਿੱਚ ਕਈ ਤਰ੍ਹਾਂ ਦੇ ਵੱਖ ਵੱਖ ਰੂਪਾਂ ਨਾਲ ਭਰਿਆ ਹੁੰਦਾ ਹੈ ਅਤੇ ਕਈ ਛੋਟੇ ਛੋਟੇ ਸੱਭਿਆਚਾਰ ਨੂੰ ਵੀ ਇਸ ਵਿੱਚ ਸਪੇਸ ਮਿਲੀ ਹੁੰਦੀ ਹੈ। ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਕਿ ਹਰ ਸੱਭਿਆਚਾਰ ਹੀ ਬਹੁ ਸਭਿਆਚਾਰ ਹੁੰਦਾ ਹੈ।4*

ਇਹੀ ਵਜ੍ਹਾ ਹੈ ਕਿ ਅੱਜ ਦੇ ਦੌਰ ਵਿੱਚ ਹੋਂਦਸ਼ੀਲ ਹਰ ਇੱਕ ਸੱਭਿਆਚਾਰ ਵਿੱਚ ਕਈ ਤਰ੍ਹਾਂ ਦੇ ਅਜਿਹੇ ਅੰਤਰ ਵਿਰੋਧ ਪੈਦਾ ਹੁੰਦੇ ਹਨ ਜਿਨ੍ਹਾਂ ਦੀਆਂ ਆਪਣੀਆਂ ਸੰਰਚਨਾਵਾਂ ਹੁੰਦੀਆਂ ਹਨ। ਇਨ੍ਹਾਂ ਅੰਤਰ ਵਿਰੋਧਾਂ ਅਤੇ ਅੰਤਰ ਸਬੰਧਾਂ ਦੀ ਸਥਿਤੀ ਕਈ ਪੱਧਰਾਂ ਤੇ ਵਿਚਰਦੀ ਹੈ। ਉਦਾਹਰਨ ਵਜੋਂ ਅੱਜ ਦੇ ਸਮਾਜ ਵਿੱਚ ਭਿੰਨ ਭਿੰਨ ਧਾਰਮਿਕ ਪਹਿਚਾਣ ਅਤੇ ਹਿੰਦੂ ਸਿੱਖ ਮੁਸਲਮਾਨ ਈਸਾਈ ਬੋਧੀ ਜੈਨੀਆਂ ਅਤੇ ਪਾਰਸੀ ਆਦਿ ਅਤੇ ਖੇਤਰੀ ਪਹਿਚਾਣ ਜਿਵੇਂ ਪੰਜਾਬੀ ਸਿੰਧੀ ਮਰਾਠੀ ਗੁਜਰਾਤੀ ਅਤੇ ਕਸ਼ਮੀਰੀ ਆਦਿ ਆਪਣੀ ਵੱਖਰਤਾ ਨੂੰ ਕਾਇਮ ਰੱਖਣ ਲਈ ਸਰਗਰਮ ਰਹਿੰਦੀਆਂ ਹਨ ਅਤੇ ਦੇਸ਼ ਕੌਮ ਦੇ ਘੇਰਿਆਂ ਵਿੱਚ ਜੁੜ ਕੇ ਸਾਂਝੇ ਪਹਿਚਾਣ ਕਾਇਮ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਸਿੱਟੇ ਵਜੋਂ ਇਹ ਸਥਿਤੀ ਇੱਕੋ ਵੇਲੇ ਰਾਸ਼ਟਰ ਵਿੱਚ ਵੀ ਅਤੇ ਪਾਰ ਰਾਸ਼ਟਰ ਪੱਧਰ ਤੇ ਵੀ ਲਗਾਤਾਰ ਅਤੇ ਸਰਗਰਮ ਰੂਪ ਵਿੱਚ ਹੀ ਕਿਰਿਆਸ਼ੀਲ ਹੋ ਕੇ ਬਹੁ ਸਭਿਆਚਾਰਕ ਸਥਿਤੀ ਕਹਿਲਾਉਂਦੀ ਹੈ।

*ਅੱਜ ਦੇ ਪੱਛਮੀ ਸਮਾਜ ਉਦਯੋਗਿਕ ਤਰੱਕੀ ਕਰਕੇ ਆਰਥਿਕ ਪੱਖੋਂ ਮਜ਼ਬੂਤ ਹੋਣ ਕਰਕੇ ਅਤੇ ਮਨੁੱਖੀ ਸ਼ਕਤੀ ਦੀ ਘਾਟ ਕਾਰਨ ਹੋਣ ਵਾਲੇ ਨਿਰੰਤਰ ਪ੍ਰਵਾਸ ਦੇ ਫਲ਼ ਸਰੂਪ ਬਹੁ-ਸਭਿਆਚਾਰਕ ਸਮਾਜ ਬਣ ਗਿਆ ਹੈ। ਕਈ ਪੱਖਾਂ ਤੋਂ ਉੱਨਤ ਹੋਣ ਕਰਕੇ ਉੱਥੇ ਪ੍ਰਵਾਸ ਲੋੜ ਮੁਤਾਬਿਕ ਕਈ ਪੱਧਰਾਂ ਉੱਤੇ ਹੋਇਆ। ਪਰਵਾਸੀ ਮਨੁੱਖ ਕਿਸੇ ਹੋਰ ਦੇਸ਼ ਤੇ ਕੌਮ ਦੇ ਬਾਸ਼ਿੰਦੇ ਨੂੰ ਕਿਸੇ ਹੋਰ ਥਾਂ ਦੇ ਵਸਨੀਕ ਅਤੇ ਸ਼ਹਿਰੀ ਬਣ ਜਾਣ ਉਪਰੰਤ ਕਿਹਾ ਜਾਂਦਾ ਹੈ। ਇਸ ਤਰ੍ਹਾਂ ਸ਼ਬਦ ਪ੍ਰਵਾਸੀ ਕਿਸੇ ਥਾਂ ਤੇ ਜਾ ਕੇ ਵੱਸਣ ਵਾਲੇ ਵਿਅਕਤੀਆਂ ਦੇ ਸਮੂਹ ਨੂੰ ਵੀ ਆਖਿਆ ਜਾਂਦਾ ਹੈ।[5]*

*ਆਪਣੀ ਸਮੁੱਚੀ ਪ੍ਰਕ੍ਰਿਆ ਵਿੱਚ ਜਿੱਥੇ ਪਹਿਲੇ ਪੜਾਅ ਦਾ ਪ੍ਰਵਾਸੀ ਆਪਣੇ ਭਾਈਚਾਰੇ ਨਾਲ ਭਾਵੁਕ ਪੱਧਰ ਤੇ ਵੱਧ ਜੁੜਿਆ ਹੋਇਆ ਸੀ ਤੇ ਰਾਜਨੀਤਕ/ ਸੱਤਾ ਦੀ ਚੇਤਨਾ ਪ੍ਰਤੀ ਘਟ ਚੇਤੰਨ ਸੀ ਉੱਥੇ ਅੱਜ ਦਾ ਪ੍ਰਵਾਸੀ ਆਪਣੀ ਪੂਰੀ ਭਾਈਚਾਰਕ ਸਾਂਝ ਅਤੇ ਵੱਖਰੇਪਣ ਨੂੰ ਮੁੱਖ ਰੱਖ ਕੇ ਬਹੁ ਸਭਿਆਚਾਰਕ ਸਥਿਤੀ ਵਿੱਚ ਆਪਣੀ ਸਿਆਸੀ ਅਤੇ ਸੱਭਿਆਚਾਰਿਕ ਥਾਂ ਬਣਾਉਣ ਅਤੇ ਪਛਾਣ ਨੂੰ ਸਥਾਪਿਤ ਰੱਖਣ ਲਈ ਪੂਰੀ ਤਰ੍ਹਾਂ ਸੁਚੇਤ ਹੈ। ਜਿਹੜੇ ਸਮਾਜ ਵਿੱਚ ਪ੍ਰਵਾਸੀ ਬਹੁ ਗਿਣਤੀ ਵਿੱਚ ਪ੍ਰਵਾਸ ਧਾਰਨ ਕਰਦੇ ਹਨ ਉੱਥੇ ਉਹ ਵਿਅਕਤੀਗਤ ਪੱਧਰ ਤੋਂ ਉੱਪਰ ਉੱਠ ਕੇ ਇੱਕ ਪੂਰੇ ਭਾਈਚਾਰੇ ਦੇ ਰੂਪ ਵਿੱਚ ਉਸ ਪਰਾਏ ਬਣ ਕੇ ਸਮਾਜ ਵਿੱਚ ਸਰਗਰਮ ਹੋ ਜਾਂਦੇ ਹਨ ਤਾਂ ਜੋ ਇਹ ਸਮੁੱਚਾ ਭਾਈਚਾਰਾ ਆਪਣੇ ਨਾਲ ਲਿਆਂਦੇ ਆਪਣੇ ਮੂਲ ਸੱਭਿਆਚਾਰ ਨੂੰ ਕਾਇਮ ਰੱਖਦਾ ਹੋਇਆ ਨਵੇਂ ਸੱਭਿਆਚਾਰ ਨਾਲ ਵੀ ਸਾਂਝ ਰੱਖ ਸਕਣ ਦੀ ਸਮਰੱਥਾ ਹਾਸਲ ਕਰ ਸਕੇ। ਇਸੇ ਕਰਕੇ ਹੀ ਪ੍ਰਵਾਸ ਨੂੰ ਕੇਵਲ ਭੂਗੋਲਿਕ ਸੰਕਲਪ ਮੰਨਣ ਦੀ ਬਜਾਏ ਇਸ ਨੂੰ ਉਸ ਚੇਤਨਾ ਨਾਲ ਸੰਬੰਧਿਤ ਕੀਤਾ ਜਾ ਸਕਦਾ ਹੈ ਜੋ ਇੱਕ ਅਨੁਭਵ ਤੇ ਸਪੇਸ ਤੋਂ ਲੰਘ ਕੇ ਪ੍ਰਵਾਹਮਾਨ ਹੁੰਦਾ ਹੋਇਆ ਨਵੇਂ ਸਪੇਸ ਦੀ ਸਿਰਜਨਾ ਵੀ ਕਰਦਾ ਹੈ ਅਤੇ ਆਪਣੀ ਮੂਲ ਸਪੇਸ ਬਾਰੇ ਸੁਚੇਤ ਵੀ ਰਹਿੰਦਾ ਹੈ।6*

ਇਸ ਬਹੁ ਸਭਿਆਚਾਰਕ ਸਥਿਤੀ ਵਿੱਚ ਪ੍ਰਵਾਸ ਅਜਿਹਾ ਵਰਤਾਰਾ ਹੈ ਜੋ ਇੱਕ ਪਾਸੇ ਮੂਲ ਸੱਭਿਆਚਾਰ ਅਤੇ ਦੂਸਰੇ ਪਾਸੇ ਵੱਖਰੇ ਵੱਖਰੇ ਸੱਭਿਆਚਾਰਾਂ ਨਾਲ ਕਾਇਮ ਹੋ ਰਹੇ ਅੰਤਰ ਸਬੰਧਾਂ ਅਤੇ ਅੰਤਰ ਵਿਰੋਧਾਂ ਵਿੱਚੋਂ ਲੰਘਦਾ ਹੋਇਆ ਆਪਣੀ ਵੱਖਰਤਾ ਅਤੇ ਰੰਗ ਬਿਰੰਗੀ ਪਹਿਚਾਣ ਕਰਦਾ ਹੈ। ਇਸ ਵਿੱਚੋਂ ਬਰਾਬਰਤਾ ਦਾ ਅਹਿਸਾਸ ਇਸ ਦੀ ਮਨੁੱਖੀ ਪਛਾਣ ਨਿਰਧਾਰਿਤ ਕਰਦਾ ਹੈ ਅਤੇ ਇਸ ਵਿੱਚੋਂ ਲੰਘਦਾ ਹੋਇਆ ਹਰ ਇੱਕ ਹੀ ਮਨੁੱਖ ਆਪਣੀ ਵੱਖਰਤਾ ਅਤੇ ਰੰਗ ਬਿਰੰਗੀ ਪਹਿਚਾਣ ਨਿਰਧਾਰਿਤ ਕਰਦਾ ਹੈ। ਇਸ ਸਿਲਸਿਲੇ ਵਿੱਚੋਂ ਨਵੇਂ ਸਮਾਜ ਵਿੱਚ ਬਰਾਬਰਤਾ ਦਾ ਅਹਿਸਾਸ ਇਸ ਨੂੰ ਮਨੁੱਖੀ ਪਛਾਣ ਦੀ ਜੀਵੰਤ ਇੱਛਾ ਨਾਲ ਨਿਰੰਤਰ ਜੋੜੀ ਰੱਖਦਾ ਹੈ।

*ਸਭਿਆਚਾਰ ਨੂੰ ਇਸੇ ਕਰਕੇ ਹੀ ਇੱਕ ਜਟਿਲ ਪ੍ਰਬੰਧ ਕਿਹਾ ਜਾਂਦਾ ਹੈ ਕਿਉਂਕਿ ਇਸ ਦੀਆਂ ਅੰਤਰੀਵੀ ਸੰਚਨਾਵਾਂ ਵਿੱਚ ਨਿੱਕੇ ਨਿੱਕੇ ਵਖਰੇਵਿਆਂ ਵਾਲੇ ਕਈ ਅੰਸ਼ ਮੌਜੂਦ ਹੁੰਦੇ ਹਨ। ਮਨੁੱਖੀ ਜੀਵਨ ਜਾਂਚ ਅਤੇ ਮੂਲ ਵਿਧਾਨ ਆਪਣੀ ਖ਼ੁਦਮੁਖ਼ਤਿਆਰ ਹੋਂਦ ਦੇ ਨਾਲ ਨਾਲ ਭਿੰਨ ਭਿੰਨ ਬਾਹਰੀ ਅਨੁਸ਼ਾਸਨਾਂ ਦੇ ਪ੍ਰਕਾਰ ਜਾਂ ਅਤੇ ਵਰਤੋ ਵਿਹਾਰ ਨਾਲ ਵੀ ਜੁੜੇ ਹੁੰਦੇ ਹਨ। ਇਹਨਾਂ ਨਵੇਂ ਅਨੁਸ਼ਾਸਨਾਂ ਅਤੇ ਵਿਵਹਾਰ ਨਾਲ ਸੱਭਿਆਚਾਰ ਦਾ ਸੰਬੰਧਕ ਹੋ ਕੇ ਤਬਦੀਲੀ ਦੀ ਪ੍ਰਕਿਰਿਆ ਵਿੱਚ ਰਹਿਣਾ ਅਤੇ ਨਵੀਆਂ ਸਥਿਤੀਆਂ ਦੀ ਸਿਰਜਣਾ ਕਰਨੀ ਇੱਕ ਬਹੁਪਰਤੀ ਅਤੇ ਗੁੰਝਲਦਾਰ ਵਰਤਾਰਾ ਹੈ। ਇਸ ਸਾਰੀ ਪ੍ਰਕ੍ਰਿਆ ਵਿੱਚ ਸਭਿਆਚਾਰ ਦੇ ਅੰਦਰੂਨੀ ਵਿਕਾਸਸ਼ੀਲ ਪੜਾਵਾਂ ਵਿੱਚ ਨਵੇਂ ਅਨੁਸ਼ਾਸਨਾਂ ਅਤੇ ਜੀਵਨ ਕੀਮਤਾਂ ਦਾ ਪੈਦਾ ਹੋਣਾ ਅੰਤਰ ਸਭਿਆਚਾਰਕ ਸੰਵਾਦ ਦਾ ਅਧਾਰ ਬਣਦੇ ਹਨ। ਇਸ ਪ੍ਰਕ੍ਰਿਆ ਵਿੱਚ ਇਹ ਵੀ ਸੰਦਰਭ ਉੱਭਰ ਕੇ ਪੇਸ਼ ਹੁੰਦੇ ਹਨ ਕਿ ਇਸ ਤਰ੍ਹਾਂ ਪ੍ਰਵਾਸ ਦੇ ਦੌਰਾਨ ਕਿਸੇ ਮਨੁੱਖ ਦੀ ਹਸਤੀ ਕਿਸੇ ਮੁੱਖ ਸੱਭਿਆਚਾਰ ਦਾ ਹਿੱਸਾ ਬਣਨ ਜਾਂ ਬਣਨ ਤੋਂ ਬਚਣ ਦੀ ਗੁੰਝਲਦਾਰ ਪ੍ਰਕਿਰਿਆ ਦਾ ਹਿੱਸਾ ਬਣ ਕੇ ਬਹੁ ਸਭਿਆਚਾਰਕ ਅਨੁਸ਼ਾਸਨਾਂ ਦੇ ਪ੍ਰਤੀਕਾਂ ਦੀ ਰਚਨਾ ਕਰਨ ਨਾਲ ਸੰਬੰਧਿਤ ਹੁੰਦੀ ਹੈ।7*

ਅੰਤਰ ਸੱਭਿਆਚਾਰ ਕਿਰਿਆਵਾਂ ਅਤੇ ਪ੍ਰਕਿਰਿਆਵਾਂ ਦੀ ਭਾਵੇਂ ਕੋਈ ਬੱਝਵੀਂ ਪਰਿਭਾਸ਼ਾ ਨਹੀਂ ਕਾਇਮ ਹੋ ਸਕੀ, ਫਿਰ ਵੀ ਇਸ ਨੂੰ ਸੱਭਿਆਚਾਰ ਦੀ ਸੰਰਚਨਾ ਵਿੱਚ ਪਾਏ ਜਾਂਦੇ ਵਖਰੇਵਿਆਂ ਅਤੇ ਵਿਭਿੰਨਤਾਵਾਂ ਦੀ ਵਿਸਥਾਪਨ ਦੀ ਪ੍ਰਕਿਰਿਆ ਵਜੋਂ ਪਛਾਣਿਆ ਜਾ ਸਕਦਾ ਹੈ। ਅਸਲ ਵਿੱਚ ਇਹ ਕਿਸੇ ਇਕ

ਸਭਿਆਚਾਰ ਦੇ ਬਹੁ ਦਿਸ਼ਾਵੀ ਵਰਤਾਰਿਆਂ ਵੱਲ ਸੰਕੇਤ ਕਰਦਾ ਸੰਕਲਪ ਹੈ। ਅੰਤਰ ਸਭਿਆਚਾਰਕ ਸਥਿਤੀ ਪਛਾਣ ਦਾ ਉਹ ਪ੍ਰਸੰਗ ਹੈ ਜੋ ਹਸਤੀ ਦੇ ਰੂਪ ਵਿੱਚ ਸਰਗਰਮ ਹੁੰਦਾ ਹੈ। ਸਮਾਜਿਕ ਪੱਧਰ ਉੱਤੇ ਅੰਤਰ ਸਭਿਆਚਾਰਕ ਸਥਿਤੀ ਅੰਦਰੂਨੀ ਪੱਖਾਂ ਨਾਲੋਂ ਹਸਤੀ ਦੇ ਬਾਹਰੀ ਪੱਖਾਂ ਨਾਲ ਵਧੇਰੇ ਜੁੜੀ ਹੁੰਦੀ ਹੈ, ਜਦੋਂ ਕਿ ਮਾਨਸਿਕ ਪੱਧਰ ਉੱਪਰ ਇਹ ਮਨੁੱਖ ਦੇ ਅਵਚੇਤਨ ਦਾ ਉਹ ਭਾਗ ਹੁੰਦੀ ਹੈ, ਜਿੱਥੇ ਮਨੁੱਖ ਆਪਣੀ ਹਸਤੀ ਨੂੰ ਬਰਾਬਰਤਾ ਅਤੇ ਸਮਾਨਤਾ ਦੇ ਸੂਤਰ ਵਿੱਚ ਬੱਝਿਆ ਹੋਇਆ ਮਹਿਸੂਸ ਕਰਦਾ ਹੋਇਆ ਆਪਣਾ ਬਹੁਪਰਤੀ ਵਿਵਹਾਰ ਧਾਰਨ ਕਰਦਾ ਹੈ। ਮਨੁੱਖ ਦੀ ਆਪਣੀ ਹਸਤੀ ਪ੍ਰਤੀ ਇਹ ਚੇਤਨਾ ਵਿਰਸੇ ਵਿੱਚੋਂ ਮਿਲੇ ਪਰੰਪਰਾਗਤ ਮੂਲ ਸੰਸਕਾਰਾਂ ਉੱਪਰ ਆਧਾਰਿਤ ਹੋਣ ਦੇ ਨਾਲ ਨਾਲ ਓਪਰੇ ਜੀਵਨ ਪ੍ਰਬੰਧਾਂ ਦੇ ਸੰਪਰਕ ਵਿੱਚ ਆਉਣ ਨਾਲ ਹੋਂਦ ਗ੍ਰਹਿਣ ਕਰਨ ਵਾਲੇ ਉਚੇਚੇ ਵਿਵਹਾਰ ਵਜੋਂ ਹੋਂਦ ਧਾਰਨ ਕਰਦੀ ਹੈ। ਮਨੁੱਖੀ ਚੇਤਨਾ ਦਾ ਇਹ ਰੂਪ ਆਪਣੇ ਖੇਤਰੀ ਅਤੇ ਪਛਾਣਗਤ ਪ੍ਰਸੰਗਾਂ ਤੋਂ ਲੈ ਕੇ ਵਿਸ਼ਵ ਪੱਧਰ ਤੱਕ ਪਛਾਣ ਬਣਨ ਵੰਨ-ਸੁਵੰਨੇ ਪਸਾਰਾ ਨਾਲ ਜੁੜ ਜਾਂਦਾ ਹੈ। ਖੇਤਰੀ ਪੱਧਰ ਤੱਕ ਦੀ ਉਸ ਦੀ ਪਛਾਣ ਪ੍ਰਤੀ ਚੇਤਨਾ ਉਸ ਸਮੇਂ ਆਪਣੇ ਆਪ ਨੂੰ ਹਾਸ਼ੀਏ ਤੇ ਪਈ ਮਹਿਸੂਸ ਹੁੰਦੀ ਹੈ ਜਦੋਂ ਉਹ ਹੋਰਾਂ ਸਭਿਆਚਾਰਾਂ ਨਾਲ ਰਾਬਤਾ ਕਾਇਮ ਕਰਕੇ ਨਵੇਂ ਵਿਵਹਾਰਿਕ ਪੈਟਰਨਾਂ ਨੂੰ ਗ੍ਰਹਿਣ ਅਤੇ ਧਾਰਨ ਕਰਦਾ ਹੈ। ਇਸ ਵੱਖਰੇ ਸੱਭਿਆਚਾਰ ਦਾ ਆਪਣਾ ਮੂਲ ਵਰਤਾਰਾ ਆਪਣੇ ਸਥਿਰ ਮੁੱਲ ਵਿਧਾਨ ਦੇ ਆਧਾਰ ਆ ਰਹੇ ਪ੍ਰਵਾਸੀਆਂ ਦੇ ਮੂਲ ਸੱਭਿਆਚਾਰ ਦੇ ਸਾਰੇ ਗੁਣ ਸ਼ਾਮਲ ਨਹੀਂ ਕਰਦਾ ਜਦੋਂ ਦੂਸਰੇ ਸੱਭਿਆਚਾਰ ਵਿੱਚ ਉਹ ਵਿਲੱਖਣ ਗੁਣ ਮੌਜੂਦ ਰਹਿੰਦੇ ਹਨ ਜੋ ਇੱਕ ਪਾਸੇ ਵਿਸ਼ੇਸ਼ ਸਭਿਆਚਾਰਕ ਪਛਾਣ ਦਾ ਕਾਰਜ ਅਦਾ ਕਰਦੇ ਹਨ ਅਤੇ ਦੂਸਰੇ ਪਾਸੇ ਨਵੇਂ ਅਨੁਭਵਾਂ ਬਾਰੇ ਜਾਣਕਾਰੀ ਪੇਸ਼ ਕਰਦੇ ਹਨ ਜਿਹੜਾ ਕਿ ਕਿਸੇ ਵੀ ਸੱਭਿਆਚਾਰ ਲਈ ਜ਼ਰੂਰੀ ਅੰਸ਼ ਹੈ। ਸਭਿਆਚਾਰ ਦਾ ਮੂਲ ਸਰੂਪ, ਪ੍ਰਤੀਮਾਨ, ਕਦਰਾਂ-ਕੀਮਤਾਂ ਇਨ੍ਹਾਂ ਕੀਮਤਾਂ ਵਿੱਚੋਂ ਪੈਦਾ ਹੋਇਆ ਰਿਸ਼ਤਿਆਂ-ਨਾਤਿਆਂ ਦਾ ਪ੍ਰਬੰਧ ਕਿਸੇ ਨਾ ਕਿਸੇ ਰੂਪ ਵਿੱਚ ਹਰ ਸਮੇਂ ਅਤੇ ਹਰ ਸਥਿਤੀ ਵਿਚ ਕਾਰਜਸ਼ੀਲ ਰਹਿੰਦਾ ਹੈ। ਇਹ ਸਰੋਕਾਰ ਮੂਲ ਸਭਿਆਚਾਰ ਦੀ ਇੱਕ ਪਾਸੇ ਤਾਂ ਪਛਾਣ ਨਿਰਧਾਰਿਤ ਕਰਦੇ ਹਨ। ਜਦ ਕਿ ਦੂਸਰੇ ਪਾਸੇ ਵੱਖਰੇ ਸਭਿਆਚਾਰਕ ਨਾਲ ਮੇਲ ਜੋਲ ਕਾਇਮ ਕਰਨ ਅਤੇ ਇਸ ਮੇਲ ਮਿਲਾਪ ਵਿੱਚ ਆਪਣੀ ਵੱਖਰਤਾ ਤੇ ਵਿਲੱਖਣਤਾ ਨੂੰ ਕਾਇਮ ਕਰਨ ਦੀਆਂ ਸੰਭਾਵਨਾਵਾਂ ਪੈਦਾ ਕਰਦਾ ਹੈ।

ਜਦੋਂ ਕੋਈ ਵੀ ਸੱਭਿਆਚਾਰ ਕਿਸੇ ਦੂਸਰੇ ਜਾਂ ਪਰਾਏ ਸਮਾਜ ਵਿੱਚ ਜਾ ਕੇ ਕਾਰਜਸ਼ੀਲ ਹੁੰਦਾ ਹੈ ਤਾਂ ਉਸ ਦਾ ਉੱਥੋਂ ਦੇ ਮੂਲ ਸੱਭਿਆਚਾਰ ਜਾਂ ਉੱਥੇ ਮੌਜੂਦ ਹੋਰਨਾਂ ਸੱਭਿਆਚਾਰ ਨਾਲ ਸੰਵਾਦ ਹੋਣਾ ਲਾਜ਼ਮੀ ਹੋ ਜਾਂਦਾ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਸੱਭਿਆਚਾਰ ਅਲੋਪ ਹੋਣ ਦੀ ਪ੍ਰਕਿਰਿਆ ਧਾਰਨ ਕਰ ਸਕਦਾ ਹੈ। ਇਹ ਸੰਵਾਦ ਹਮੇਸ਼ਾ ਇੱਕ ਪੱਖੀ ਨਾ ਹੋ ਕੇ ਕਈ ਪੱਧਰਾਂ ਤੇ ਵਿਚਰਦਾ ਹੈ ਅਤੇ ਇਹ ਸੰਵਾਦ ਰਾਹੀਂ ਕੋਈ ਵੀ ਸੱਭਿਆਚਾਰ ਆਪਣੀਆਂ ਜੀਵਨ ਵਿਧੀਆਂ ਅਤੇ ਕੀਮਤਾਂ ਨੂੰ ਪੁਨਰ ਉਤਪਾਦਨ ਦੀ ਪ੍ਰਕਿਰਿਆ ਵਿੱਚ ਪਾਉਂਦਾ ਰਹਿੰਦਾ ਹੈ। ਅਜੋਕੇ ਦੁਨਿਆਵੀ ਪ੍ਰਬੰਧ ਵਿੱਚ ਇਹ ਸੰਵਾਦ ਬਿਰਤੀ ਸਾਰੇ ਸਭਿਆਚਾਰਾਂ ਲਈ ਲਾਜ਼ਮੀ ਹੋ ਗਈ ਹੈ ਅਤੇ ਇਸ ਸਥਿਤੀ ਦੀ ਅਣਹੋਂਦ ਕਾਰਨ ਸਭਿਆਚਾਰਕ ਸਰੋਕਾਰ ਖੜੋਤ ਦੀ ਸਥਿਤੀ ਵਿੱਚ ਪਹੁੰਚ ਜਾਂਦੇ ਹਨ। ਦੂਜੇ ਸ਼ਬਦਾਂ ਵਿੱਚ ਸਮਕਾਲੀ ਵਿਸ਼ਵੀਕਰਨ ਦੀ ਪ੍ਰਕਿਰਿਆ ਵਿੱਚ ਤਾਂ ਸਭਿਆਚਾਰਕ ਸੰਵਾਦ ਹੋਣਾ ਹੋਰ ਵੀ ਜ਼ਰੂਰੀ ਹੋ ਗਿਆ ਹੈ। ਹੁਣ ਕੋਈ ਵੀ ਸਭਿਆਚਾਰਕ ਸਰਗਰਮੀ ਅਤੇ ਸਿਰਜਣਾ ਅੰਤਰ ਸਭਿਆਚਾਰਕ ਸੰਵਾਦ ਦੀ ਗੁੰਝਲਦਾਰ ਪ੍ਰਕਿਰਿਆ ਰਾਹੀਂ ਹੀ ਆਪਣੀ ਰੂਪ ਵਿਧੀ ਅਖ਼ਤਿਆਰ ਕਰ ਸਕਦੀ ਹੈ, ਇਸ ਤੋਂ ਨਿਰਲੇਪ ਰਹਿ ਕੇ ਜਾਂ ਇਸ ਤੱਥ ਨੂੰ ਅਣਗੌਲਿਆ ਕਰਕੇ ਨਹੀਂ।

## *ਹਵਾਲੇ ਅਤੇ ਟਿੱਪਣੀਆਂ*


1. Microsoft Encarts Encyclopedia deluxe, 2005, Entry immigration.
2. ਕਰਨੈਲ ਸਿੰਘ (ਡਾ.). "ਪਰਵਾਸੀ ਚੇਤਨਾ: ਪਰਵਾਸ ਦਾ ਇਤਿਹਾਸਕ ਪਿਛੋਕੜ". ਖੋਜ ਪਤ੍ਰਿਕਾ ਪਰਵਾਸੀ ਪੰਜਾਬੀ ਸਾਹਿਤ ਵਿਸ਼ੇਸ਼ ਅੰਕ-40, ਪੰਨਾ-8
3. Steven Seidman and Jefrey C. Alexander, The New Social Theory Reader, p.212
4. Kahn, S. Joel, Culture, Multiculture and Post-culture, p.101
5. ਖੋਜ ਪਤ੍ਰਿਕਾ, ਪਰਵਾਸੀ ਪੰਜਾਬੀ ਸਾਹਿਤ ਵਿਸ਼ੇਸ਼ ਅੰਕ,ਪੰਨਾ-8
6. ਗੁਰਭਗਤ ਸਿੰਘ, ਕਾਵਿ-ਸ਼ਾਸਤਰ, ਦੇਹ ਤੇ ਕ੍ਰਾਂਤੀ, ਪੰਨਾ-54
7. J.W. Berry, Acculturative Stress: The Role of Ecology Culture and differentiation, p.67